D:\Bhatinda\General Letter S.E.BTA.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਸੇਵਾ ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਬਠਿੰਡਾ ।

ਨੰ: ਪਵਸਸਬ-2019/ਵ/21678 ਮਿਤੀ:- 04/10/19

ਵਿਸ਼ਾ - ਜੈਤੋ ਸ਼ਹਿਰ ਵਿਖੇ ਸੀਵਰੇਜ਼ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਵਧੀਕ ਡਿਪਟੀ ਕਮਿਸ਼ਨਰ, ਫਰੀਦਕੋਟ ਵਲੋ ਪ੍ਰਾਪਤ ਪੱਤਰ ਨੰ: 812-820 ਮਿਤੀ 28.8.2019 ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਡਿਪਟੀ ਕਮਿਸ਼ਨਰ, ਫਰੀਦਕੋਟ ਵਲੋ ਦਿੱਤੇ ਹੁਕਮਾਂ ਦੇ ਸਬੰਧ ਵਿੱਚ ਆਪਣੀ ਰਿਪੋਰਟ ਸਮੇਤ ਟਿੱਪਣੀ ਇਸ ਦਫਤਰ ਨੂੰ ਭੇਜਣ ਹਿਤ ਲਿਖਿਆ ਗਿਆ ਸੀ ਪ੍ਰੰਤੂ ਉਕਤ ਸਬੰਧੀ ਹਾਲੇ ਤਕ ਕੋਈ ਰਿਪੋਰਟ ਪ੍ਰਾਪਤ ਨਹੀ ਹੋਈ ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ ਵਲੋ ਪ੍ਰਾਪਤ ਡਾਇਰੀ ਨੰਬਰ 5633-ਜੀ ਮਿਤੀ 12-9-2019 ਦੀ ਨਕਲ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਆਪਣੀ ਰਿਪੋਰਟ ਸਮੇਤ ਟਿੱਪਣੀ ਇਸ ਦਫਤਰ ਨੂੰ ਭੇਜੀ ਜਾਵੇ ।

ਨੱਥੀ/- ਉਕਤ ਅਨੁਸਾਰ

3/10/19
ਕਾਰਜਕਾਰੀ ਇੰਜੀਨੀਅਰ(ਕੰਮ)
ਵਾਸਤੇ ਇੰਜੀਨੀਅਰ ਇਨ ਚੀਫ
ਕਮ ਤਕਨੀਕੀ ਸਲਾਹਕਾਰ

# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ
Office of the Deputy Commissioner-cum-District Magistrate, Faridkot
(LFA Branch )

ਹੁਕਮ ਨੰਬਰ 811 /ਨਪਸ

ਨਿਮਨਹਸਤਾਖਰ ਵੱਲੋ ਅੱਜ ਮਿਤੀ 28-08-2019 ਨੂੰ ਜੈਤੋ ਸ਼ਹਿਰ ਦੀ ਵਿਜ਼ਟ ਦੌਰਾਨ ਪਾਇਆ ਗਿਆ ਕਿ ਜੈਤੋ ਸ਼ਹਿਰ ਵਿਖੇ ਸੀਵਰੇਜ਼ ਪਾਉਣ ਦਾ ਜੋ ਕੰਮ ਚੱਲ ਰਿਹਾ ਹੈ, ਉਹ ਬੜੀ ਧੀਮੀ ਗਤੀ ਨਾਲ ਚੱਲ ਰਿਹਾ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਮੋਗਾ ਅਤੇ ਐਸ.ਡੀ.ਓ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਕੋਟਕਪੂਰਾ ਵੱਲੋਂ ਇਸ ਕੰਮ ਵੱਲ ਕੋਈ ਧਿਆਨ ਨਹੀ ਦਿੱਤਾ ਜਾ ਰਿਹਾ। ਜਿਸ ਕਰਕੇ ਜੈਤੋ ਸ਼ਹਿਰ ਦੀਆਂ ਸੜਕਾਂ ਥਾਂ ਥਾਂ ਤੋਂ ਟੁੱਟੀਆਂ ਪਈਆਂ ਹਨ। ਪੀਣ ਵਾਲੇ ਸਾਫ ਪਾਣੀ ਦੀਆਂ ਪਾਈਪਾਂ ਵੀ ਸੀਵਰੇਜ਼ ਪਾਉਣ ਦੌਰਾਨ ਕੱਟ ਦਿੱਤੀਆਂ ਗਈਆਂ ਹਨ। ਇਸ ਲਈ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਸਪਲਾਈ ਵਿੱਚ ਬੜੀ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੀਣ ਵਾਲਾ ਸਾਫ ਪਾਣੀ ਉਪਲੱਬਧ ਨਾ ਹੋਣ ਕਰਕੇ ਲੋਕਾਂ ਵੱਲੋਂ ਆਸ-ਪਾਸ ਦੇ ਨਲਕਿਆਂ ਆਦਿ ਵਿੱਚੋਂ ਪਾਣੀ ਵਰਤਿਆਂ ਜਾ ਰਿਹਾ ਹੈ। ਜਿਸ ਨਾਲ ਜੈਤੋ ਵਿਖੇ ਡੇਂਗੂ ਦੀ ਬਿਮਾਰੀ ਫੈਲਣ ਦਾ ਖਤਰਾ ਬਣਿਆ ਹੋਇਆ ਹੈ।

ਇਸ ਲਈ ਲੋਕ ਹਿੱਤਾਂ ਵਿੱਚ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਮੋਗਾ ਅਤੇ ਐਸ.ਡੀ.ਓ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਕੋਟਕਪੂਰਾ, ਅਗਲੇ ਹੁਕਮਾਂ ਤੱਕ ਜੈਤੋ ਸ਼ਹਿਰ ਵਿਖੇ ਆਪਣਾ ਕੈਂਪ ਦਫਤਰ ਸਥਾਪਿਤ ਕਰਨਗੇ ਅਤੇ ਜੈਤੋ ਤੋਂ ਹੀ ਸਾਰੇ ਸਰਕਾਰੀ ਕੰਮ ਕਰਨਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ 28-08-2019

(ਕੁਮਾਰ ਸੌਰਭ ਰਾਜ),ਆਈ.ਏ.ਐਸ.
ਡਿਪਟੀ ਕਮਿਸ਼ਨਰ,ਫਰੀਦਕੋਟ

6727
3-9-19

ਨੰਬਰ 812 /ਨਪਸ ਮਿਤੀ 28-08-2019
814-820

ਇਸ ਦਾ ਇਕ ਉਤਾਰਾ ਹੇਠ ਲਿਖਿਆ ਪਾਸ ਜਾਣਕਾਰੀ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ।
2. ਮੁੱਖ ਕਾਰਜਕਾਰੀ ਅਫਸਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਸੈਕਟਰ 27-ਏ, ਚੰਡੀਗੜ੍ਹ
3. ਕਮਿਸ਼ਨਰ ਫਰੀਦਕੋਟ ਮੰਡਲ, ਫਰੀਦਕੋਟ
4. ਡਿਪਟੀ ਕਮਿਸ਼ਨਰ,ਮੋਗਾ
5. ਐਸ.ਡੀ.ਐਮ ਜੈਤੋ
6. ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਮੋਗਾ
7. ਐਸ.ਡੀ.ਓ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ, ਕੋਟਕਪੂਰਾ

ਵਧੀਕ ਡਿਪਟੀ ਕਮਿਸ਼ਨਰ
ਫਰੀਦਕੋਟ

28/8/19